ਨੰ: 7/29/2010-7ਸਸ/ 1170

ਪੰਜਾਬ ਸਰਕਾਰ
ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ
(ਅਪੰਗ ਵਿਅਕਤੀਆਂ ਦੀ ਭਲਾਈ ਸ਼ਾਖਾ)

ਸੇਵਾ ਵਿਖੇ,

1. ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ।
2. ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ ।
3. ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।
4. ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।
5. ਜ਼ਿਲਾ ਅਤੇ ਸੈਸ਼ਨਜ਼ ਜੱਜ ਪੰਜਾਬ ਰਾਜ ਵਿਚ।
6. ਰਾਜ ਦੇ ਸਮੂਹ ਉਪ ਮੰਡਲ ਅਫਸਰ ( ਸਿਵਲ) ।
7. ਚੇਅਰਮੈਨ ਲੋਕ ਸੇਵਾ ਕਮਿਸ਼ਨ ਪੰਜਾਬ, ਪਟਿਆਲਾ।

ਮਿਤੀ, ਚੰਡੀਗੜ੍ਹ: 14-12-11

ਵਿਸ਼ਾ:- **ਅਪੰਗ ਕਰਮਚਾਰੀਆਂ ਨੂੰ ਸਰਕਾਰੀ ਸੇਵਾਵਾਂ ਗਰੁੱਪ ਏ, ਬੀ, ਸੀ ਅਤੇ ਡੀ ਵਿਚ ਤਰੱਕੀਆਂ ਕਰਨ ਸਮੇਂ ਰਾਖਵਾਂਕਰਨ ਦੇਣ ਬਾਰੇ।**

------

ਸ੍ਰੀ ਮਾਨ/ ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ: 7/29/2010-7ਸਸ/566, ਮਿਤੀ 5.7.11 ਅਤੇ ਪਤੱਰ: ਨੰ: 7/29/2010-7ਸਸ/941, ਮਿਤੀ 23.9.2011 ਵੱਲ ਦਿਵਾਉਂਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਇਨ੍ਹਾਂ ਪੱਤਰਾਂ ਰਾਹੀ ਪੰਜਾਬ ਸਰਕਾਰ ਵਲੋਂ ਅਪੰਗ ਕਰਮਚਾਰੀਆਂ ਨੂੰ ਸਰਕਾਰੀ ਸੇਵਾਵਾਂ ਵਿਚ ਤਰੱਕੀਆਂ ਸਮੇਂ 3% ਰਾਖਵਾਂਕਰਨ ਦੇਣ ਦਾ ਫੈਸਲਾ ਲਿਆ ਗਿਆ ਹੈ ਅਤੇ ਗਰੁੱਪ 'ਸੀ' ਅਤੇ 'ਡੀ' ਸੇਵਾਵਾਂ ਵਿਚ ਰੋਸਟਰ ਦਾ ਨੁਕਤਾ ਨੰ: 10,40 ਅਤੇ 70 ਅਪੰਗ ਕਰਮਚਾਰੀਆਂ ਲਈ ਰਾਖਵਾਂ ਰੱਖਿਆ ਗਿਆ ਹੈ ਅਤੇ ਗਰੁੱਪ 'ਏ' ਅਤੇ 'ਬੀ' ਸੇਵਾਵਾਂ ਵਿਚ ਰੋਸਟਰ ਦਾ ਨੁਕਤਾ ਨੰ: 11,40 ਅਤੇ 71 ਅਪੰਗ ਕਰਮਚਾਰੀਆਂ ਲਈ ਪੱਦ ਉਨਤੀਆਂ ਵਿਚ ਰਾਖਵਾਂ ਰੱਖਿਆ ਗਿਆ ਹੈ। ਜੋ ਕਰਾਈਟੇਰੀਆ ਅਪੰਗ ਕਰਮਚਾਰੀਆਂ ਨੂੰ ਸਿੱਧੀ ਭਰਤੀ ਵਿਚ ਰਾਖਵਾਂਕਰਨ ਦੇਣ ਸਬੰਧੀ ਸਰਕਾਰ ਦੇ ਪੱਤਰ ਨੰ: 10/26/95-5ਸਸ/1252 ਮਿਤੀ 2.5.97 ਰਾਹੀਂ ਨਿਰਧਾਰਤ ਕੀਤਾ ਹੋਇਆ ਹੈ, ਇਹੋ ਪੱਦ ਉਨਤੀ ਵਿਚ ਰਾਖਵਾਂਕਰਨ ਦੇਣ ਸਬੰਧੀ ਵੀ ਲਾਗੂ ਹੋਵੇਗਾ।

2. ਸਰਕਾਰ ਵਲੋਂ ਉਕਤ ਪੱਤਰ ਨੰ: 7/29/2010-7ਸਸ/566, ਮਿਤੀ 5.7.2011 ਅਤੇ ਮਿਤੀ 23.9.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਨੂੰ ਮਿਤੀ 06.03.2011 ਤੋਂ ਲਾਗੂ ਸਮਝਿਆ ਜਾਵੇ ।

3. ਇਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਵਿਸਵਾਸ਼ਪਾਤਰ,

(ਦਰਸਨ ਸਿੰਘ ਗਰੇਵਾਲ )
ਵਧੀਕ ਸਕੱਤਰ, ਪੰਜਾਬ ਸਰਕਾਰ,
ਸਮਾਜਿਕ ਸੁਰੱਖਿਆ ਇਸਤਰੀ ਤੇ
ਬਾਲ ਵਿਕਾਸ ਵਿਭਾਗ ।